ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/80%/ 13266 ਮਿਤੀ/ 18-10-2018

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 80% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੀ ਲੋੜੀਂਦੀ ਸਬਸਿਡੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਫਰੀਦਕੋਟ ਵੱਲੋ ਆਪਣੇ ਪੱਤਰ ਨੰਬਰ/ਡੀ.ਆਰ/2237 ਮਿਤੀ 9-10-18 ਰਾਹੀ ਵੱਲੋ ਸਰਕਲ ਦੀਆਂ 7 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 30 ਸੰਦਾਂ ਤੇ ਸਕੀਮ ਅਨੁਸਾਰ ਬਣਦੀ 80% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ। ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 7 ਸਭਾਵਾਂ ਦੀ 80% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੇ 30 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: 25,08,568(ਪੱਚੀ ਲੱਖ ਅੱਠ ਹਜਾਰ ਪੰਜ ਸੋ ਅਠਾਹਟ) ਰੁਪੈ ਬਣਦੀ ਹੈ। ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:00023400310000 1 ਵਿੱਚੋ ਟਰਾਂਸਫਰ ਕੀਤੀ ਜਾਵੇ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

Registrar (1)
Chandigarh
ਵਧੀਕ ਰਜਿਸਟਰਾਰ (ਆਈ)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 13267-68 ਮਿਤੀ/ 18-10-2018

ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਫਰੀਦਕੋਟ ਨੂੰ ਉਨਾਂ ਦੇ ਪੱਤਰ ਨੰਬਰ/ ਡੀ.ਆਰ /2237 ਮਿਤੀ 9-10-18 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸ਼ੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

2 ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ, ਫਿਰੋਜਪੁਰ ਇੰਨਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਰਜਿਸਟਰਾਰ (ਆਈ)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

# ਦਫ਼ਤਰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਫਰੀਦਕੋਟ

15 OCT 2018
5866

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਨੰਬਰ/ਐਸ.ਏ/ਉ.ਰ/ਫਰੀਦਕੋਟ/.2237 ਮਿਤੀ/.09-10-2018

ਵਿਸ਼ਾ : In Situ management scheme ਤਹਿਤ ਸਭਾਵਾਂ ਵੱਲੋਂ ਖਰੀਦੇ ਗਏ ਸੰਦਾਂ ਦੀ ਸਬਸਿਡੀ ਕਲੇਮ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀਂ In Situ management of crop residue Scheme ਤਹਿਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ,ਜੈਤੋ ਦੇ ਦਫ਼ਤਰ ਦੇ ਪੱਤਰ ਨੰ:1307 ਮਿਤੀ 01.10.2018 ਅਤੇ ਪੱਤਰ ਨੰ:1332 ਮਿਤੀ 05.10.2018 ਰਾਹੀਂ ਹੇਠ ਦਰਜ ਸਭਾਵਾਂ ਦੇ ਕੇਸ 80% ਸਬਸਿਡੀ ਕਲੇਮ ਕਰਨ ਲਈ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਇਸ ਦਫ਼ਤਰ ਨੂੰ ਭੇਜੇ ਗਏ ਹਨ।ਸਭਾਵਾਂ ਵੱਲੋਂ 80% ਸਬਸਿਡੀ ਤੇ ਹੇਠ ਲਿਖੇ ਅਨੁਸਾਰ ਸੰਦਾਂ ਦੀ ਖਰੀਦ ਕੀਤੀ ਗਈ ਹੈ। ਸਭਾਵਾਂ ਵੱਲੋਂ ਰਜਿਸਟਰਡ ਮੈਨੂਫੈਕਚਰਿੰਗ ਫਰਮਾਂ ਨੂੰ 20% ਸਬਸਿਡੀ ਦੇ ਹਿਸਾਬ ਨਾਲ ਬਣਦੀ ਅਦਾਇਗੀ ਕਰ ਦਿੱਤੀ ਗਈ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 80% ਸਬਸਿਡੀ ਦੇ ਹਿਸਾਬ ਨਾਲ ਬਣਦੀ ਬਕਾਇਆ ਰਕਮ ਸਬੰਧਤ ਮੈਨੂਫੈਕਚਰਿੰਗ ਫਰਮ ਦੇ ਖਾਤੇ ਵਿੱਚ ਟਰਾਂਸਫਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੀ ਗਿਣਤੀ | ਹੈਪੀ ਸੀਡਰ | ਰੋਟਾਵੇਟਰ | ਜੀਰੋ ਡਰਿੱਲ | ਐਮ.ਬੀ. ਪਲਾਓ | ਮਲਚਰ | ਕੁੱਲ ਬਣਦੀ ਰਕਮ | 80% ਸਬਸਿਡੀ ਤਹਿਤ ਬਣਦੀ ਰਕਮ |
|---|---|---|---|---|---|---|---|---|---|
| 1 | ਦਲ ਸਿੰਘ ਵਾਲਾ | 6 | 300100 | 92760 | 98500 | 179000 | - | 670360 | 536288 |
| 2 | ਸੇਢਾ ਸਿੰਘ ਵਾਲਾ | 5 | 300100 | - | 98500 | 179000 | - | 577600 | 462080 |
| 3 | ਜੈਤੋ | 6 | 300100 | 92760 | 98500 | - | 151200 | 642560 | 514048 |
| 4 | ਘਣੀਏਵਾਲਾ | 5 | 300100 | 92760 | 98000 | - | - | 490860 | 392688 |
| 5 | ਚੰਦਭਾਨ | 2 | - | 92760 | 49000 | - | - | 141760 | 113408 |
| 6 | ਰੋੜੀਕਪੂਰਾ | 4 | 150050 | 92760 | 49000 | 179000 | - | 470810 | 376648 |
| 7 | ਕਰੀਰਵਾਲੀ | 2 | - | 92760 | 49000 | - | - | 141760 | 113408 |
| | ਜੋੜ | 30 | 1350450 | 556560 | 540500 | 537000 | 151200 | 3135710 | 2508568 |

| ਲੜੀ ਨੰ: | ਫਰਮ ਦਾ ਨਾਮ | ਖਰੀਦ ਕੀਤੇ ਸੰਦਾਂ ਦੀ ਗਿਣਤੀ | ਹੈਪੀ ਸੀਡਰ | ਰੋਟਾਵੇਟਰ | ਜੀਰੋ ਡਰਿਲ | ਐਮ.ਬੀ.ਪਲਾਓ | ਮਲਚਰ | ਕੁੱਲ ਬਣਦੀ ਰਕਮ | 80% ਸਬਸਿਡੀ ਤਹਿਤ ਬਣਦੀ ਰਕਮ |
|---|---|---|---|---|---|---|---|---|---|
| 1 | ਨਿਊ ਪੰਜਾਬ ਐਗਰੋਟੈਕ | 30 | 1350450 | 556560 | 540500 | 537000 | 151200 | 3135710 | 2508568 |
| | ਜੋੜ | 30 | 1350450 | 556560 | 540500 | 537000 | 151200 | 3135710 | 2508568 |

| ਲੜੀ ਨੰ: | ਫਰਮ ਦਾ ਨਾਮ | ਖਾਤਾ ਨੰ: | ਆਈ.ਐਫ.ਸੀ.ਕੋਡ | ਬੈਂਕ ਅਤੇ ਸ਼ਾਖਾ ਦਾ ਨਾਮ |
|---|---|---|---|---|
| 1. | ਨਿਊ ਪੰਜਾਬ ਐਗਰੋਟੈਕ | 565141000030666 | CORP0001014 | Corporation Bank Faridkot |

ਨੋਟ: 7 ਕੇਸ

ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ,ਫਰੀਦਕੋਟ।